# Official Spokesperson’s response to media queries on a comment by the UN Office of the High Commissioner for Human Rights regarding legal action against Teesta Setalvad and two other persons

June 29, 2022

# ਮਨੁੱਖੀ ਅਧਿਕਾਰਾਂ ਦੇ ਲਈ ਹਾਈ ਕਮਿਸ਼ਨਰ ਦੇ ਸੰਯੁਕਤ ਰਾਸ਼ਟਰ ਦਫ਼ਤਰ ਵੱਲੋਂ ਟੀਸਟਾ ਸੀਤਲਵਾੜ ਅਤੇ ਦੋ ਹੋਰ ਵਿਅਕਤੀਆਂ ਵਿਰੁੱਧ ਕਾਨੂੰਨੀ ਕਾਰਵਾਈ ਦੇ ਸੰਬੰਧ ਵਿੱਚ ਕੀਤੀ ਗਈ ਟਿੱਪਣੀ ਉੱਤੇ ਮੀਡੀਆ ਦੇ ਸਵਾਲਾਂ ਦੇ ਸਰਕਾਰੀ ਬੁਲਾਰੇ ਦਾ ਉੱਤਰ

ਜੂਨ 29, 2022

ਮਨੁੱਖੀ ਅਧਿਕਾਰਾਂ ਦੇ ਹਾਈ ਕਮਿਸ਼ਨਰ ਦੇ ਸੰਯੁਕਤ ਰਾਸ਼ਟਰ ਦਫ਼ਤਰ ਵੱਲੋਂ ਟੀਸਟਾ ਸੀਤਲਵਾੜ ਅਤੇ ਹੋਰ ਦੋ ਵਿਅਕਤੀਆਂ ਦੇ ਵਿਰੁੱਧ ਕਾਨੂੰਨੀ ਕਾਰਵਾਈ ਦੇ ਸੰਬੰਧ ਵਿੱਚ ਕੀਤੀ ਗਈ ਟਿੱਪਣੀ ਦੇ ਬਾਰੇ ਮੀਡੀਆ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਵਿੱਚ ਸਰਕਾਰ ਦੇ ਬੁਲਾਰੇ ਸ਼੍ਰੀ ਅਰਿੰਦਮ ਬਾਗਚੀ ਨੇ ਕਿਹਾ ਕਿ:

" ਅਸੀਂ ਮਨੁੱਖੀ ਅਧਿਕਾਰਾਂ ਦੇ ਹਾਈ ਕਮਿਸ਼ਨਰ ਦਫ਼ਤਰ (ਓਐਚਸੀਐਚਆਰ) ਵੱਲੋਂ ਟੀਸਟਾ ਸੀਤਲਵਾੜ ਅਤੇ ਦੋ ਹੋਰ ਵਿਅਕਤੀਆਂ ਦੇ ਵਿਰੁੱਧ ਕਾਨੂੰਨੀ ਕਾਰਵਾਈ ਦੇ ਸੰਬੰਧ ਵਿੱਚ ਟਿੱਪਣੀ ਨੂੰ ਵੇਖਿਆ ਹੈ।

ਓਐਚਸੀਐਚਆਰ ਦੀਆਂ ਟਿੱਪਣੀਆਂ ਅਣ-ਉਚਿਤ ਹਨ ਅਤੇ ਭਾਰਤ ਦੀ ਸੁਤੰਤਰ ਨਿਆਂ ਪ੍ਰਣਾਲੀ ਵਿੱਚ ਦਖਲਅੰਦਾਜ਼ੀ ਦਾ ਗਠਨ ਕਰਦੀਆਂ ਹਨ।

ਭਾਰਤ ਦੇ ਵਿੱਚ ਅਧਿਕਾਰੀ ਸਥਾਪਤ ਨਿਆਂ ਪ੍ਰਕਿਰਿਆਵਾਂ ਦੇ ਅਨੁਸਾਰ ਸਖਤ ਢੰਗ ਦੇ ਨਾਲ ਕਾਨੂੰਨ ਦੀ ਉਲੰਘਣਾ ਦੇ ਵਿਰੁੱਧ ਕਾਰਵਾਈ ਕਰਦੇ ਹਨ।

ਅਜਿਹੀਆਂ ਕਾਨੂੰਨੀ ਕਾਰਵਾਈਆਂ ਨੂੰ ਐਕਟੀਵਿਜ਼ਮ ਲਈ ਉਤਪੀੜਨ ਦਾ ਨਾਮ ਦੇਣਾ ਗੁੰਮਰਾਹਕੁੰਨ ਅਤੇ ਅਸਵੀਕਾਰਨਯੋਗ ਹੈ।”

**ਨਵੀਂ ਦਿੱਲੀ**
**ਜੂਨ 29, 2022**

DISCLAIMER: This is an approximate translation. The original is available in English on MEA’s website and may be referred to as the official press release.